ਇਹ ਟਰੇਲ ਐਂਗਲੋ ਸਿੱਖ ਹੈਰੀਟੇਜ ਟਰੇਲ ਨਾਲ ਮਿਲ ਕੇ ਸਾਂਝੇ ਤੌਰ ਤੇ ਬਣਾਈ ਗਈ ਹੈ। ਇਹ ਸਿੱਖਾਂ ਦੇ ਵਿਰਸੇ ਅਤੇ ਬਰਤਾਨੀਆ ਨਾਲ ਉਨ੍ਹਾਂ ਦੇ ਸਬੰਧ ਨਾਲ ਜੁੜੀਆਂ ਉਨ੍ਹਾਂ ਮੂਲ ਮੱਹਤਵ ਵਾਲੀਆਂ ਥਾਵਾਂ ਨੂੰ ਰਾਜਧਾਨੀ ਵਿੱਚ ਲੱਭਦੀ ਹੈ।

ਇਸ ਸਾਰੀ ਲਿਖਤ ਵਿੱਚ ਅਸੀਂ ਐਗਲੋਂ ਸਿੱਖ ਹੈਰੀਟੇਜ ਟਰੇਲ ਦੇ ਪਰਸੰਗਕ ਹਿੱਸਿਆ ਨਾਲ ਜੁੜੀਆਂ ਹੋਇਆਂ ਕੜੀਆ ਪੇਸ਼ ਕੀਤੀਆਂ ਹਨ।

ਘਟਨਾਵਾਂ, ਸ਼ਖਸੀਅਤਾਂ ਅਤੇ ਸੰਗਰਹਿਆਂ ਨਾਲ ਜੁੜੀਆ ਕੜੀਆਂ ਨੂੰ ਉਜਾਗਰ ਕੀਤਾ ਹੈ ਜਿਵੇਂ ਐਂਗਲੋ ਸਿੱਖ ਵਾਰਜ਼ (ਅੰਗਰੇਜ਼ਾਂ ਅਤੇ ਸਿੱਖਾਂ ਦੀਆਂ ਲੜਾਈਆਂ), ਮਹਾਰਾਜਾ ਦਲੀਪ ਸਿੰਘ ਜਾਂ ਬਰਿਟਿਸ਼ ਲਾਈਬਰੇਰੀ ਨੇ ਐਂਗਲੋ ਸਿੱਖ ਹੈਰੀਟੇਜ ਟਰੇਲ ਵੱਲੋਂ ਚੁਣ ਕੇ ਇੱਕਠੀ ਕੀਤੀ ਪਿਛੋਕੜ ਦੀ ਲਾਜ਼ਮੀ ਜਾਣਕਾਰੀ ਪਰਦਾਨ ਕੀਤੀ ਹੈ। ( ਕ੍ਰਿਪਾ ਕਰਕੇ ਇਹ ਧਿਆਨ ਦਿੱਤਾ ਜਾਵੇ ਕਿ ਐਂਗਲੋ ਸਿੱਖ ਹੈਰੀਟੇਜ ਟਰੇਲ ਨਾਲ ਜੁੜੀਆਂ ਕੜੀਆਂ ਨੇ ਇੱਕ ਨਵੀਂ ਵਿੰਡੋ ਅਰੰਭ ਕੀਤੀ ਹੈ।

ਤਸਵੀਰ : ਐਂਗਲੋਂ ਸਿੱਖ ਹੈਰੀਟੇਜ ਟਰੇਲ ਦਾ ਰਾਇਲ ਹਸਪਤਾਲ ਚਿਲੇਸੀਆ ਵਿਖੇ ਅਰੰਭ ਕੀਤੇ ਜਾਣਾ। (c) ਇੰਗਲਿਸ਼ ਹੈਰੀਟੇਜ ਥੋੜ੍ਹੀ ਥੋੜ੍ਹੀ ਗਿਣਤੀ ਵਿੱਚ ਸਿੱਖ ਸਦੀਆਂ ਤੋਂ ਯੂ.ਕੇ ਵਿੱਚ ਰਹਿੰਦੇ ਹਨ। ਕੁਝ ਬਿਰਾਦਰੀਆਂ ਤਾਂ 1920 ਵਿਆਂ ਅਤੇ 1940 ਵਿਆਂ ਦੇ ਵਿਚਕਾਰ ਇਥੇ ਆਬਾਦ ਹੋ ਗਈਆਂ ਸਨ। ਮਹਾਰਾਜਾ ਦਲੀਪ ਸਿੰਘ ਜਿਹੇ ਹੋਰ ਵਿਅਕਤੀ ਜਿਵੇਂ ਕਿ ਮਸ਼ਹੂਰ ਹੈ, ਅੰਗਰੇਜ਼ਾਂ ਅਤੇ ਸਿੱਖਾਂ ਦੀ ਲੜਾਈ ਤੋਂ ਬਾਦ ਉਨ੍ਹੀਵੀਂ ਸਦੀ ਵਿੱਚ ਇਥੇ ਆ ਵਸੇ ਸਨ।

ਪਰੰਤੂ ਜੰਗ ਤੋਂ ਮਗਰੋਂ 1950 ਵਿਆਂ ਅਤੇ 1960 ਵਿਆਂ ਵਿੱਚ ਵੇਖਿਆ ਗਿਆ ਕਿ ਚੋਖੀ ਗਿਣਤੀ ਵਿੱਚ ਸਿੱਖ ਯੂ.ਕੇ ਵਿੱਚ ਆ ਵੱਸੇ ਸਨ।

ਅੱਜ ਭਾਰਤੀ ਉਪ ਮਹਾਂਦੀਪ ਤੋਂ ਬਾਹਰ ਯੂ.ਕੇ ਵਿੱਚ ਸਿੱਖ ਸਭ ਤੋਂ ਵਧ ਗਿਣਤੀ ਵਿੱਚ ਹਨ। ਲੰਡਨ ਦੇ ਬਹੁਤੇ ਸਿੱਖਾਂ ਲਈ ਮਿਲਣ ਦੀ ਕੇਂਦਰੀ ਥਾਂ ਸ਼ੈਫਰਡਜ਼ ਬੁਸ਼ ਵਾਲਾ ਗੁਰਦੁਵਾਰਾ ਹੈ। ਇਹ ਯੂ.ਕੇ ਵਿੱਚ ਬਣਿਆ ਪਹਿਲਾ ਗੁਰਦੁਆਰਾ ਹੈ ਜਿਹੜਾ 1911 ਵਿੱਚ ਬਣਿਆ ਸੀ। ਪਹਿਲਾਂ ਮੂਲ ਵਿੱਚ ਇਹ ਗੁਰਦੁਆਰਾ ਕੇਨਿੰਗਸਟਨ ਓਲੰਪੀਆ ਦੇ ਨੇੜੇ ਇੱਕ ਵਿਸ਼ਾਲ ਓਲੰਪੀਆਈ ਇਮਾਰਤ ਵਿੱਚ ਸੀ। 79 ਸਿੰਕਲੇਅਰ ਰੋਡ ਉੱਤੇ ਹੁਣ ਇੱਕ ਨਿਜੀ ਰਿਹਾਇਸ਼ ਹੈ। ਸਥਾਨਕ ਗੁਰਦੁਵਾਰਾ 62 ਕਵੀਨਜ਼ਡੇਲ ਰੋਡ ਵਿਖੇ ਵੱਡੀ ਇਮਾਰਤ ਵਿੱਚ ਚਲਾ ਗਿਆ ਹੈ।

ਤਸਵੀਰ : ਸ਼ੈਫਰਡਜ਼ ਬੁਸ਼ ਗੁਰਦਵਾਰਾ ਦੇ ਕੇਨਿੰਗਸਟਨ ਓਲੰਪੀਆ ਦੇ ਨੇੜੇ ਇਸ ਜੁੜਵੇਂ ਮਕਾਨ ਵਿੱਚ ਸੀ।

(c) 24 ਘੰਟੇ ਦਾ ਅਜਾਇਬ ਘਰ

ਪੰਰਤੂ ਸਿੱਖ ਧਰਮ ਨਾਲ ਯੂ.ਕੇ. ਦੇ ਸਬੰਧ ਦੇ ਅੰਤਰੀਵ ਮਰਮ ਨੂੰ ਸਮਝਣ ਲਈ ਸਾਨੂੰ ਪਿਛਾਂਹ ਰਾਜ ਵੱਲ ਅਤੇ ਅੰਗਰੇਜ਼ਾਂ ਅਤੇ ਸਿੱਖਾਂ ਦੀਆਂ ਜੰਗਾਂ ਵੱਲ ਮੁੜਨਾ ਪਵੇਗਾ। ਐਂਗਲੋਂ ਸਿੱਖ ਹੈਰੀਟੇਜ਼ ਟਰੇਲ ਦੀ ਕੜੀ ਉਨ੍ਹਾਂ ਘਟਨਾਵਾਂ ਦੀ ਵਿਆਖਿਆ ਕਰਦੀ ਹੈ ਜਿਨ੍ਹਾਂ ਕਰਕੇ ਇਹ ਮਹਾਨ ਬਸਤੀਵਾਦੀ ਟਕਰਾਅ ਹੋਇਆ ਸੀ ਅਤੇ ਉਦੋਂ ਤੋਂ ਲੈ ਕੇ ਇਸ ਨੇ ਅੰਗਰੇਜ਼ ਸਿੱਖ ਵਿਰਸੇ ਉਤੇ ਕਿਵੇਂ ਅਸਰ ਪਾਇਆ ਹੈ।

ਪੂਰੀ ਤਰਾਂ ਬਰਤਾਨਵੀਂ ਕਬਜ਼ੇ ਵਿੱਚ ਆਉਣ ਤੋਂ ਪਹਿਲਾਂ ਵਾਲੇ ਪੰਜਾਬ ਦੇ ਆਖਰੀ ਮਹਾਨ ਸਿੱਖ ਰਾਜ ਦੀਆਂ ਅਸਲ ਚੀਜ਼ਾਂ ਵੇਖਣ ਲਈ ਸਭ ਤੋਂ ਵਧੀਆ ਥਾਵਾਂ ਵਿਚੋਂ ਵਿਕਟੋਰੀਆ ਅਤੇ ਅਲਬਰਟ ਮਿਊਜ਼ੀਅਮ ਹਨ।

ਇਸ ਸੰਗਰਹਿ ਵਿੱਚ ਸਭ ਤੋਂ ਵੱਧ ਅਹਿਮੀਅਤ ਵਾਲੀ ਚੀਜ਼ ਪੰਜਾਬ ਦੇ ਆਖਰੀ ਮਹਾਰਾਜਾ ਰਣਜੀਤ ਸਿੰਘ ਦਾ

ਸੁਨਹਿਰੀ ਤ ਤ ਹੈ ਜਿਹੜਾ ਨਹਿਰੂ ਗੈਲਰੀ ਵਿੱਚ ਵੇਖਿਆ ਜਾ ਸਕਦਾ ਹੈ। ਇਹ ਤਖਤ ਅੰਗਰੇਜ਼ਾਂ ਅਤੇ ਸਿੱਖਾਂ ਦੀਆਂ ਲੜਾਈਆਂ ਤੋਂ ਮਗਰੋਂ 1849 ਵਿੱਚ ਪੰਜਾਬ ਨੂੰ ਅੰਗਰੇਜ਼ਾਂ ਦੇ ਰਾਜ ਵਿੱਚ ਰਲਾ ਲਏ ਜਾਣ ਤੋਂ ਪਿਛੋਂ ਈਸਟ ਇੰਡੀਆ ਕੰਪਨੀ ਨੇ ਖੋਹ ਲਿਆ ਸੀ ਅਤੇ ਸਮੁੰਦਰੀ ਜਹਾਜ਼ ਦੇ ਜ਼ਰੀਏ ਬਰਤਾਨੀਆਂ ਨੂੰ ਭੇਜ ਦਿੱਤਾ ਸੀ।

ਅਸਲ ਵਿੱਚ ਇਸ ਟਰੇਲ ਉੱਤੇ ਜੋ ਕਲਾ ਵਸਤਾਂ ਅਤੇ ਥਾਂਵਾਂ ਹਨ ਉਨ੍ਹਾਂ ਨਾਲ ਜੁੜੇ ਅੰਗਰੇਜ਼ –ਸਿੱਖ ਇਤਿਹਾਸ ਅਤੇ ਵੇਰਵਿਆਂ ਉੱਤੇ ਅੰਗਰੇਜ਼ ਸਿੱਖ ਲੜਾਈਆਂ ਦਾ ਪਰਛਾਵਾਂ ਭਾਰੂ ਹੈ।

ਤਸਵੀਰ : ਵਾਲੇਸ ਕੋਲੈਕਸ਼ਨ ਵਿਖੇ ਮਹਾਰਾਜਾ ਰਣਜੀਤ ਸਿੰਘ ਦੀ ਕਿਰਪਾਨ।

ਵਾਲੇਸ ਕੋਲੈਕਸ਼ਨ ਦੀ ਓਰੀਐਂਟਲ ਗੈਲਰੀਜ਼ ਵਿੱਚ ਸਿੱਖਾਂ ਦੇ ਹਥਿਆਰਾਂ ਅਤੇ ਜ਼ਰਾਬਕਤਰਾਂ ਦਾ ਇੱਕ ਛੋਟਾ ਜਿਹਾ ਪਰੰਤੂ ਪਰਭਾਵਸ਼ਾਲੀ ਸੰਗਰਹਿ ਹੈ। ਇਨ੍ਹਾਂ ਵਿੱਚ ਸ਼ਾਮਲ ਹਨ ਇਕ ਕੰਟੋਪ ਢਾਲ ਅਤੇ ਕਈ ਤਰ੍ਹਾਂ ਦੀਆਂ ਕਿਰਪਾਨਾਂ। ਇਨ੍ਹਾਂ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਕਿਰਪਾਨ ਵੀ ਹੈ।

ਅੰਗਰੇਜ਼ਾਂ ਅਤੇ ਸਿੱਖਾਂ ਦੀਆਂ ਲੜਾਈਆਂ ਦੀ ਬਚੀ ਹੋਈ ਸਭ ਤੋਂ ਵੱਧ ਚੁਭਵੀਂ ਨਿਸ਼ਾਨੀ ਮਗਰੋਂ ਦਲੀਪ ਸਿੰਘ ਨੂੰ ਬਰਤਾਨਵੀ ਜੀਵਨ ਵਿੱਚ ਜ਼ਬਤ ਕਰ ਲੈਣ ਨਾਲ ਜੁੜੀ ਹੋਈ ਹੈ। ਟਾਵਰ ਆਂ ਲੰਡਨ ਵਿੱਚ ਇਸਦੀ ਚਿਰਾਂ ਤੱਕ ਰਹਿਣ ਵਾਲੀ ਯਾਦ ਵੇਖੀ ਜਾ ਸਕਦੀ ਹੈ।

ਈਸਟ ਇੰਡੀਆ ਕੰਪਨੀ ਨੇ ਦਲੀਪ ਸਿੰਘ (ਜਿਹੜਾ ਉਸ ਵੇਲੇ ਪੰਜਾਬ ਦਾ ਬਾਲ ਮਹਾਰਾਜਾ ਸੀ ) ਕੋਲੋਂ ਅੰਗਰੇਜ਼ਾਂ ਅਤੇ ਸਿੱਖਾਂ ਦੀਆਂ ਹੋਈਆਂ ਲੜਾਈਆਂ ਦੇ ਹਰਜਾਨੇ ਦੇ ਇੱਕ ਹਿੱਸੇ ਵੱਜੋਂ ਕੋਰਹੇਨੂਰ ਹੀਰਾ ਲੈ ਲਿਆ ਸੀ। ਆਖਰਕਾਰ ਮਹਾਰਣੀ ਐਲਿਜ਼ਾਬੈਥ ਦੇ ਤਾਜ ਵਿੱਚ ਜੜੇ ਜਾਣ ਤੋਂ ਪਹਿਲਾਂ ਇਹ ਹੀਰਾ 1850 ਵਿਚ ਈਸਟ ਇੰਡੀਆਂ ਕੰਪਨੀ ਨੂੰ ਕਾਇਮ ਕਰਨ ਦੀ 250 ਵੀਂ ਵਰ੍ਹੇਗੰਢ ਮਨਾਉਣ ਵੇਲੇ ਮਹਾਰਾਣੀ ਵਿਕਟੋਰੀਆ ਨੂੰ ਭੇਂਟ ਕੀਤਾ ਗਿਆ ਸੀ।

ਤਸਵੀਰ : ਟਾਵਰ ਆਂ ਲੰਡਨ ਇਥੇ ਕੋਹੇਨੂਰ ਹੀਰਾ ਪਿਆ ਹੈ।

(c) ਹਿਸਟੋਰਿਕ ਪੈਲੇਸਿਜ਼ ਲੰਡਨ

ਟਾਵਰ ਆਂ ਲੰਡਨ ਵਿੱਚ ਮਹਾਰਾਣੀ ਮਾਂ ਦਾ ਪਲਾਟੀਨਮ ਦਾ ਤਾਜ ਪਿਆ ਹੈ। ਇਥੇ ਦਲੀਪ ਸਿੰਘ ਦੇ ਪਿਤਾ ਮਹਾਰਾਜਾ ਰਣਜੀਤ ਸਿੰਘ ਦਾ ਉਹ ਸੋਨੇ ਦਾ ਬਾਜ਼ੂਬੰਦ ਵੀ ਪਿਆ ਹੈ ਜਿਸ ਵਿੱਚ ਉਹ ਇਹ ਹੀਰਾ ਪਹਿਨਦੇ ਸਨ।

ਡਿਪਾਰਟਮੈਂਟ ਆਂ ਓਰੀਐਂਟਲ ਐਂਟਿਕਟੀਜ਼ ਦੇ ਬਰਿਟਿਸ ਮਿਊਜ਼ੀਅਮ ਵਿੱਚ ਵੀ ਕਈਂ ਚੀਜ਼ਾਂ ਪਈਆਂ ਹਨ। ਉਨ੍ਹੀ ਵੀਂ ਸਦੀ ਦੇ ਇਸ ਬਸਤੀਵਾਦੀ ਸੰਘਰਸ਼ ਦੇ ਦੌਰਾਨ ਬਰਤਾਨਵੀਆਂ ਵੱਲੋਂ ਲਾਰਡ ਡਲਹੌਜ਼ੀ ਇਨ੍ਹਾਂ ਵਿੱਚੋਂ ਕੁਝ ਚੀਜਾਂ ਪੰਜਾਬ ਵਿੱਚੋਂ ਲੈ ਗਿਆ ਸੀ।

ਡਿਪਾਰਟਮੈਂਟ ਆਂ ਏਸ਼ੀਆ ਅਤੇ ਡਿਪਾਰਟਮੈਂਟ ਆਂ ਕਾਇਨਜ਼ ਐਂਡ ਮੈਡਲਜ਼ ਵਿੱਚ ਪਈਆਂ ਕਿਤਾਬਾਂ, ਸਿੱਕੇ ਅਤੇ ਤਸਵੀਰਾਂ ਖਾਸ ਕਰਕੇ ਪਰਭਾਵਸ਼ੀ ਹਨ। ਹਾਲਾਂ ਕਿ ਅਫਸੋਸ ਦੀ ਗੱਲ ਇਹ ਹੈ ਕਿ ਇਹ ਰਾਖਵੇਂ ਸੰਗਰਹਿ ਵਿਚ ਪਈਆਂ ਹਨ। ਇਨ੍ਹਾਂ ਨੂੰ ਉਨ੍ਹਾਂ ਚੀਜ਼ਾਂ ਦੇ ਵਰਗ ਵਿਚ ਰੱਖਿਆ ਹੋਇਆ ਹੈ ਜਿਹੜੀਆਂ ਭਾਰਤੀ ਮੂਲ ਦੀਆਂ ਕੇਵਲ ਉਹੀ ਬਚੀਆਂ ਰਹਿ ਗਈਆਂ ਚੀਜ਼ਾਂ ਦਾ ਵਰਗ ਹੈ ।

ਇਸ ਨਾਲ ਕੁਝ ਚੀਜਾਂ ਬਾਰੇ ਇਹ ਪਤਾ ਕਰਨ ਦਾ ਕੰਮ ਔਖਾ ਹੋ ਗਿਆ ਹੈ ਕਿ ਉਹ ਕਿਥੇ ਪਈਆਂ ਹਨ। ਪਰੰਤੂ ਵਧੇਰੇ ਹਾਸਲ ਕਰਨ ਲਈ ਐਂਗਲੋ ਸਿੱਖ ਹੈਰੀਟੇਜ਼ ਟਰੇਲ ਨਾਲ ਮਿਲ ਕੇ ਕੰਮ ਕੀਤਾ ਜਾ ਰਿਹਾ ਹੈ। ਹਾਲ ਦੀ ਘੜੀ ਲੱਭਣ

ਵਾਲੀ ਸਹੂਲਤ ਬਰਿਟਿਸ਼ ਮਿਊਜ਼ੀਅਮ ਦੀ ਕੰਪਾਸ ਨੂੰ ਵਰਤਕੇ ਅਤੇ ਸਿੱਖ ਅਤੇ ਪੰਜਾਬ ਦਰਜ ਕਰਕੇ ਉਨ੍ਹਾਂ ਵਿਚੋਂ ਕੁਝ ਨੂੰ ਲੱਭਿਆ ਅਤੇ ਵੇਖਿਆ ਜਾ ਸਕਦਾ ਹੈ।

ਤਸਵੀਰ : ਪੰਜਾਬੀ ਦੀ ਇੱਕ ਜਨਮ ਸਾਖੀ ਵਿੱਚੋਂ ਇਕ ਛੋਟੀ ਤਸਵੀਰ । ਇਹ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਹੈ। ਇਸਨੂੰ 1733 ਵਿੱਚ ਦਇਆ ਰਾਮ ਅਬਰੋਲ ਨੇ ਸੰਕਲਤ ਕੀਤਾ ਸੀ। ਐਂਗਲੋ ਸਿੱਖ ਹੈਰੀਟੇਜ ਉੱਤੇ ਇਹੋ ਜਿਹੀਆਂ ਛੋਟੀਆਂ ਤਸਵੀਰਾਂ ਵੇਖੋ। (c) ਬਰਿਟਿਸ਼ ਲਾਈਬਰੇਰੀ

ਮੂਲ ਮਹੱਤਵ ਵਾਲੀ ਇੱਕ ਹੋਰ ਥਾਂ ਹੈ ਜਿੱਥੇ ਤੁਸੀਂ ਅੰਗਰੇਜ਼ਾਂ ਅਤੇ ਸਿੱਖਾਂ ਦੇ ਆਪਸੀ ਸਬੰਧ ਦੀ ਖੋਜ ਆਰੰਭ ਕਰ ਸਕਦੇ ਹੋ। ਇਹ ਹੈ ਬਰਿਟਿਸ਼ ਲਾਈਬਰੇਰੀ ਅਤੇ ਏਸ਼ੀਆ ਪੈਸੀਫਿਕ ਅਤੇ ਅੰਰੀਕਾ ਵਿਭਾਗ ਦਾ ਵਿਸ਼ਾਲ ਸੰਗਰਹਿ ਜਿਥੇ ਇੰਡੀਆ ਆਫਿਸ ਰਿਕਾਰਡ ਦਾ ਕੁਝ ਹਿੱਸਾ ਸਥਿਤ ਹੈ।

ਇਥੇ ਤੁਸੀਂ ਸਰਕਾਰ ਦੀਆਂ ਉਨ੍ਹਾਂ ਵੱਖ ਵੱਖ ਏਜੰਸੀਆਂ ਦੇ ਪੁਰਾਣੇ ਦਸਤਾਵੇਜ਼ਾਂ ਦੇ ਉਸ ਵਿਸ਼ਾਲ ਖਜ਼ਾਨੇ ਦੀ ਪੜਤਾਲ ਕਰ ਸਕਦੇ ਹੋ ਜਿਨ੍ਹਾਂ ਏਜੰਸੀਆਂ ਨੇ 1600 ਤੋਂ ਲੈ ਕੇ 1948 ਤੱਕ ਇਸ ਉੱਪ ਮਹਾਂਦੀਪ ਵਿੱਚ ਬਰਤਾਨਵੀ ਹਕੂਮਤ ਦੀ ਨਿਗਰਾਨੀ ਕੀਤੀ ਸੀ।

ਪਰ ਇਹ ਇੱਕ ਬਹਤੁ ਵੱਡਾ ਕੰਮ ਹੈ। ਇਸ ਵਿਸ਼ਾਲ ਖਜ਼ਾਨੇ ਵਿਚ 1,70,000 ਕਿਤਾਬਾਂ, ਡੱਬੇ ਅਤੇ ਫਾਇਲਾਂ, 40,000 ਨਕਸ਼ੇ ਅਤੇ 70,000 ਸਰਕਾਰੀ ਪਰਕਾਸ਼ਨ ਹਨ। ਇਸ ਵਿੱਚ ਮਹਾਰਾਜਾ ਰਣਜੀਤ ਸਿੰਘ , ਅਠਾਰਵੀਂ ਸਦੀ ਦੇ ਮਗਰਲੇ ਹਿੱਸੇ ਅਤੇ ਉਨ੍ਹੀਵੀਂ ਸਦੀ ਦੇ ਮੁਢਲੇ ਹਿੱਸੇ ਵਿੱਚ ਰਹੇ ਆਗੂਆਂ ਦੇ ਨਾਲ ਨਾਲ ਹੋਰ ਅਹਿਮ ਮੁਗਲ ਸ਼ਹਿਨਸ਼ਾਹਾਂ ਦੀਆਂ ਲਾਈਬਰੇਰੀਆਂ ਦੀਆਂ ਚੀਜ਼ਾਂ ਵੀ ਹਨ।

ਇਸ ਲਾਈਬਰੇਰੀ ਦੀ ਡਿਪਾਰਟਮੈਂਟ ਆਫ ਓਰੀਐਂਟਲ ਮੈਨੂਸਕਰਿਪਟਸ ਐਂਡ ਪਰਿੰਟਿਡ ਬੁੱਕਸ ਵਿੱਚ ਭਾਰਤ ਤੋਂ ਬਾਹਰਲੇ ਸਿੱਖਾਂ ਦੀਆਂ ਅਤੇ ਪੰਜਾਬੀ ਦੀਆਂ ਹਥਲਿਖਤਾਂ ਦਾ ਸਭ ਤੋਂ ਵੱਡਾ ਸੰਗ੍ਰਹਿ ਹੈ। ਇਨ੍ਹਾਂ ਵਿੱਚ ਸਿੱਖਾਂ ਦੀਆਂ ਅਤੇ ਪੰਜਾਬੀ ਦੀਆਂ ਹੱਥਲਿਖਤਾਂ ਦਾ ਸਭ ਤੋਂ ਵੱਡਾ ਸੰਗ੍ਰਹਿ ਹੈ। ਇਨ੍ਹਾਂ ਵਿੱਚ ਸਿੱਖਾਂ ਦੇ ਧਾਰਮਿਕ ਗਰੰਥਾਂ ਦੇ ਹੱਥ ਲਿਖਤ ਨਮੂਨੇ ਅਤੇ ਮਹਾਰਾਜਾ ਦਲੀਪ ਸਿੰਘ ਦੀ ਮਾਂ ਰਾਣੀ ਜਿੰਦਾਂ ਦੀ ਅਰਦਾਸ ਵਾਲੀ ਕਿਤਾਬ ਪਈ ਹੈ।

ਇਸੇ ਤਰ੍ਹਾਂ ਰਾਇਲ ਜਿਉਗਰਾਫੀਕਲ ਸੋਸਾਇਟੀ ਵਿੱਚ ਪੰਜਾਬ ਅਤੇ ਸਿੱਖ ਧਰਮ ਨਾਲ ਸਬੰਧਤ ਨਕਸ਼ਿਆਂ ਅਤੇ ਤਸਵੀਰਾਂ ਦਾ ਇੱਕ ਬਹੁਤ ਵਧੀਆ ਚੋਣਵਾਂ ਸੰਗ੍ਰਹਿ ਪਿਆ ਹੈ। ਇਸ ਸੰਗ੍ਰਹਿ ਦੀਆਂ ਕੁਝ ਅਹਿਮ ਝਲਕਾਂ ਤੁਸੀਂ ਸਿੱਖ ਹੈਰੀਟੇਜ ਟਰੇਲ ਉੱਤੇ ਵੀ ਵੇਖ ਸਕਦੇ ਹੋ।

ਤਸਵੀਰ : ਇਹ ਰਾਇਲ ਜਿਉਗਰਾਫੀਕਲ ਸੋਸਾਇਟੀ ਵਿੱਚ ਰੱਖੀਆਂ ਚੀਜ਼ਾਂ ਵਿੱਚੋਂ ਇਕ ਅਨੂਠੀ ਤਸਵੀਰ ਹੈ

(c) RGS

ਅੰਗਰੇਜ਼ਾਂ ਅਤੇ ਸਿੱਖਾਂ ਦੀਆਂ ਲੜਾਈਆਂ ਤੋਂ ਮਗਰੋਂ ਨੀਤਜੇ ਵੱਜੋਂ ਮਹਾਰਾਜਾ ਦਲੀਪ ਸਿੰਘ ਨੂੰ ਬਰਤਾਨੀਆ ਲਿਆਂਦਾ ਗਿਆ ਸੀ। ਇਹ ਕਹਾਣੀ ਐਂਗਲੋਂ ਸਿੱਖ ਹੈਰੀਟੇਜ ਟਰੇਲ ਉੱਤੇ ਲੱਭੀ ਜਾ ਸਕਦੀ ਹੈ ਪਰੰਤੂ ਰਾਜਧਾਨੀ ਵਿੱਚ ਵੀ ਕੁਝ ਅਜੇਹੀਆਂ ਥਾਵਾਂ ਹਨ ਜਿਥੇ ਪੰਜਾਬ ਦੇ ਸ਼ਾਹੀ ਖਾਨਦਾਨ ਦੇ ਇਸ ਆਖਰੀ ਜੀਅ ਦੀਆਂ ਨਿਸ਼ਾਨੀਆਂ ਵੇਖੀਆਂ ਜਾ ਸਕਦੀਆਂ ਹਨ।

ਗਰੇਟ ਬਰਿਟਨ ਵਿੱਚ ਸਭ ਤੋਂ ਵੱਡਾ ਸ਼ਾਹੀ ਮਹਿਲ ਹੈਂਮਪਟਨ ਕੋਰਟ ਹੈਨਰੀ ਅੱਠਵੇਂ ਦੇ ਪਹਿਲਾਂ ਰਹੇ ਨਿਵਾਸ ਵੱਜੋਂ ਸ਼ਾਇਦ ਸਭ ਤੋਂ ਵੱਧ ਪ੍ਰਸਿੱਧ ਹੈ ਅਤੇ ਇਸ ਵਿੱਚ ਕਵੀਨਜ਼ ਰਾਇਲ ਕੋਲੈਕਸ਼ਨ ਆੱ ਆਰਟ ਹੈ।

ਤਸਵੀਰ : ਹੈਂਮਪਟਨ ਕੋਰਟ ਪੈਲਿਸ (c) ਰਾਇਲ ਪੈਲਸਜ਼ ।

ਪਰੰਤੂ ਇਸ ਮਹਿਲ ਨੂੰ ਦਲੀਪ ਸਿੰਘ ਕਿਆਂ ਨਾਲ ਤਕੜੇ ਸਬੰਧ ਜੁੜੇ ਹੋਣ ਦਾ ਵੀ ਮਾਣ ਹੈ ਮਹਾਰਾਜਾ ਦਲੀਪ ਸਿੰਘ ਦੀਆਂ ਰਾਜ ਕੁਮਾਰੀਆਂ ਬਾਂਬਾ, ਸੋਫੀਆ ਅਤੇ ਕੈਥਰੀਨ ਦੇ ਨਿਵਾਸ ਫਾਰਾਡੇ ਹਾਊਸ ਵਿੱਚ ਸਨ।

ਦਲੀਪ ਸਿੰਘ ਦੀ ਮਾਂ ਰਾਣੀ ਜਿੰਦਾਂ ਆਪਣੀ ਜ਼ਿੰਦਗੀ ਦੇ ਆਖਰੀ ਸਮੇਂ ਵਿੱਚ ਥੋੜੇ ਚਿਰ ਲਈ ਲੰਡਨ ਦੇ ਅਬਿੰਗਟਨ ਹਾਊਸ ਵਿੱਚ ਰਹੀ ਸੀ। ਯੂ.ਕੇ ਵਿੱਚ ਕਈਂ ਥਾਈਂ ਮਰਹੂਮ ਮਹਾਰਾਜੇ ਦੇ ਆਪਣੇ ਨਿਵਾਸ ਸਥਾਨ ਸਨ। ਲੰਡਨ ਵਿੱਚ ਉਸ ਦਾ ਇਕ ਨਿਵਾਸ ਸਥਾਨ ਨੰ : 37 ਹੈਂਪਟਨ ਕੋਰਡ ਰੋਡ ਵਿਖੇ ਸੀ।

ਆਪਣੀ ਜ਼ਿੰਦਗੀ ਦੇ ਆਖਰੀ ਦਿਨਾਂ ਵਿੱਚ ਉਹ ਕੈਨੀਜ਼ਾਰੋ ਹਾਊਸ ਵਿੱਚ ਚਲਾ ਗਿਆ ਸੀ। ਇਹ ਬਿੰਬਲਡਨ ਕਾਮਨ ਉੱਤੇ ਸਥਿਤ ਅਠਾਰ੍ਹਵੀ ਸਦੀ ਦਾ ਇੱਕ ਮਹਿਲ ਹੈ। ਹੁਣ ਵੈਸਟ ਸਾਈਡ, ਬਿੰਬਲਡਨ ਕਾਮਨ ਵਿਖੇ ਇੱਕ ਹੋਟਲ ਹੈ।

ਵੀਂਹਵੀਂ ਸਦੀ ਵਿੱਚ ਯੂ.ਕੇ ਅਤੇ ਸਿੱਖ ਲਸ਼ਕਰ ਵਿਚਕਾਰ ਸਬੰਧ ਬਰਤਾਨਵੀਂ ਅਤੇ ਭਾਰਤੀ ਦੋਹਾਂ ਫੌਜਾਂ ਲਈ ਅਨਿੱਖੜ ਬਣ ਗਏ ਸਨ। ਇਸ ਮੇਲ ਦੀ ਯਾਦ ਮਨਾਉਂਦੀਆਂ ਕੁਝ ਅਹਿਮ ਚੀਜ਼ਾਂ ਰਾਜਧਾਨੀ ਦੇ ਸੈਨਿਕ ਅਜਾਇਬ ਘਰ ਵਿੱਚ ਰੱਖੀਆਂ ਹੋਈਆਂ ਹਨ।

ਤਸਵੀਰ : ਪਰਕਾਸ਼ ਸਿੰਘ ਦੇ ਮੈਡਲ (ਇਕ ਵਿਕਟੋਰੀਆ ਕਰਾਸ ਸਮੇਤ) ਇਸ ਇੰਪੀਰੀਅਰ ਵਾਰ ਮਿਊਜ਼ਿਅਮ ਵਿੱਚ ਵੇਖੇ ਜਾ ਸਕਦੇ ਹਨ।

ਦਰਿਆ ਦੇ ਦੱਖਣ ਵੱਲ ਇੰਪੀਰੀਅਰ ਵਾਰ ਮਿਊਜ਼ੀਅਮ ਦੇ ਪੁਰਾਲੇਖ ਭਵਨ ਵਿੱਚ ਸਿੱਖ ਫੌਜਾਂ ਦੇ ਚਿੱਤਰਾਂ ਦਾ ਬਰਤਾਨੀਆ ਦਾ ਸਭ ਤੋਂ ਵੱਡਾ ਸੰਗ੍ਰਹਿ ਹੈ। ਇਸ ਸਥਾਈ ਸੰਗ੍ਰਹਿ ਵਿੱਚ ਉਹ ਵਿਕਟੋਰੀਆ ਕਰਾਸ ਵੀ ਪਿਆ ਹੈ। ਜਿਹੜਾ ਅੱਠਵੀਂ ਪੰਜਾਬ ਰੈਜਮੈਂਟ ਦੇ ਪਰਕਾਸ਼ ਸਿੰਘ ਨੂੰ ਦੂਜੇ ਵਿਸ਼ਵ ਯੁੱਧ ਵਿਚ ਬਰ੍ਹਮਾ ਦੀ ਮੁਹਿੰਮ ਦੇ ਦੌਰਾਨ ਕਮਾਲ ਦੀ ਬਹਾਦਰੀ ਵਿਖਾਉਣ ਕਰਕੇ ਦਿੱਤਾ ਗਿਆ ਸੀ।

ਇੰਪੀਰੀਅਰ ਵਾਰ ਮਿਊਜ਼ਿਅਮ ਦੇ ਪੁਰਾਲੇਖ ਭਵਨ ਵਿੱਚ ਪੰਦਰ੍ਹਵੀ ਪੰਜਾਬ ਰੈਜਮੈਂਟ ਦੀ ਦੂਜੇ ਵਿਸ਼ਵ ਯੁੱਧ ਬਾਰੇ ਇੱਕ ਦਿਲਕਸ਼ ਫਿਲਮ ਵੀ ਹੈ।

ਤਸਵੀਰ: ਨੈਸ਼ਨਲ ਆਰਮੀ ਮਿਊਜ਼ੀਅਮ ਵਿੱਚ ਸਿੱਖਾਂ ਨਾਲ ਸਬੰਧਤ ਕਈਂ ਕਲਾ ਵਸਤਾਂ ਅਤੇ ਦਸਤਾਵੇਜ਼ ਪਏ ਹਨ (c) ਨੈਸ਼ਨਲ ਆਰਮੀ ਮਿਊਜ਼ੀਅਮ।

ਨੈਸ਼ਨਲ ਆਰਮੀ ਮਿਊਜ਼ੀਅਮ ਦੇ ਪੜ੍ਹਨ ਵਾਲੇ ਕਮਰਿਆਂ ਵਿੱਚ ਸਿੱਖਾਂ ਨਾਲ ਸਬੰਧਤ ਕਈਂ ਦਸਤਾਵੇਜ਼ ਅਤੇ ਤਸਵੀਰਾਂ ਪਈਆਂ ਹਨ। ਇਹ ਸੰਗ੍ਰਹਿ ਅੰਗਰੇਜ਼ਾਂ ਅਤੇ ਸਿੱਖਾਂ ਦੀਆਂ ਲੜਾਈਆਂ ਨਾਲ ਸੰਬਧਤ ਸਮੱਗਰੀ ਨਾਲ ਖਾਸ ਕਰਕੇ ਭਰਪੂਰ ਹੈ। ਇਸ ਵਿੱਚ ਲੜਾਈ ਦੇ ਨਕਸ਼ੇ ਅਤੇ ਸਰਹੱਦ ਤੋਂ ਲਿਖੀਆਂ ਹੋਈਆਂ ਚਿੱਠੀਆਂ ਹਨ।

ਨੈਸ਼ਨਲ ਆਰਮੀ ਮਿਊਜ਼ੀਅਮ ਦੇ ਨਾਲ ਹੀ ਅਗਾਂਹ ਰਾਇਲ ਹਸਪਤਾਲ ਚੈਲਸੀਆ ਹੈ। ਇਸ ਵਿੱਚ ਚਿਲ੍ਹਿਆਂ ਵਾਲਾ ਦੀ ਲੜਾਈ ਵਿੱਚ ਮਾਰੇ ਜਾਣ ਵਾਲਿਆਂ ਦੀ ਬਰਤਾਨਵੀ ਯਾਦਗਾਰ ਦੇ ਨਾਲ ਨਾਲ ਸਿੱਖਾਂ ਦੀਆਂ ਲੜਾਈਆਂ ਵਾਲੀਆਂ ਦੋ ਤੋਪਾਂ ਵੀ ਹਨ ਇਹ ਲੜਾਈ ਮਹਿੰਗੀ ਪਈ ਸੀ। ਇਸ ਦੇ ਨਤੀਜੇ ਵੱਜੋਂ ਮਾਰਚ 1849 ਵਿੱਚ ਭਾਰਤ ਦੇ ਗਵਰਨਰ ਜਨਰਲ

ਲਾਰਡ ਡਲਹੌਜ਼ੀ ਨੇ ਸਿੱਖਾਂ ਦਾ ਜ਼ਮੀਨੀ ਖਿੱਤਾ ਆਪਣੇ ਰਾਜ ਵਿੱਚ ਰਲਾ ਲਿਆ ਸੀ।

ਇਸ ਟਰੇਲ ਵਿੱਚ ਬਹੁਤ ਸਾਰੀਆਂ ਥਾਵਾਂ ਫੌਜੀ ਇਤਿਹਾਸ , ਰਾਜ ਅਤੇ ਬਰਤਾਨਵੀ ਸਾਮਰਾਜ ਦੇ ਇਤਿਹਾਸ ਨਾਲ ਜੁੜੀਆਂ ਹੋਈਆਂ ਹਨ ਪਰੰਤੂ ਕੈਕਸਟਨ ਸਟਰੀਟ, ਵੈਸਟ ਮਿੰਸਟਰ ਵਿੱਚ ਕੈਕਸਟਨ ਹਾਲ ਦੀ ਮਹੱਤਵਪੂਰਨ ਥਾਂ ਵੱਲ ਵੇਖਕੇ ਸਿੱਖਾਂ ਲਈ ਅਤੇ ਭਾਰਤ ਦੀ ਅਜ਼ਾਦੀ ਲਈ ਸੰਘਰਸ਼ ਦੀ ਇੱਕ ਅਹਿਮ ਤਸਵੀਰ ਲੱਭੀ ਜਾ ਸਕਦੀ ਹੈ।

ਤਸਵੀਰ : ਚਿਲ੍ਹਿਆਂ ਵਾਲਾ ਦੀ ਲੜਾਈ ਵਿਚ ਖੋਹੀ ਹੋਈ ਸਿੱਖਾਂ ਦੀ ਤੋਪ ਹੁਣ ਰਾਇਲ ਹਸਪਤਾਲ ਚੈਲਸੀਆਂ ਦੇ ਮੈਦਾਨ ਵਿੱਚ ਪਈ ਹੈ (C) ਨੈਸ਼ਨਲ ਆਰਮੀ ਮਿਊਜ਼ੀਅਮ ਹੁਣ ਇਹ ਇੱਕ ਦਫਤਰ ਵਾਲੀ ਇਮਾਰਤ ਹੈ ਜਿਸ ਵਿੱਚ ਬਹੁਤ ਅਰਾਮਦਾਇਕ ਮਹਿੰਗੇ ਫਲੈਟ ਹਨ। ਇਸ ਹਾਲ ਨੂੰ ਅਕਸਰ ਰਾਜਨੀਤਕ ਮੀਟਿੰਗਾਂ ਲਈ ਵਰਤਿਆ ਜਾਂਦਾ ਸੀ। 13 ਮਾਰਚ 1940 ਨੂੰ ਬੁੱਧਵਾਰ ਵਾਲੇ ਦਿਨ ਈਸਟ ਇੰਡੀਆਂ ਐਸੋਸੀਏਸ਼ਨ ਅਤੇ ਰਾਇਲ ਸੈਂਟਰਲ ਏਸ਼ੀਅਨ ਸੋਸਾਇਟੀ ਨੇ ਇਥੇ ਮੀਟਿੰਗ ਕੀਤੀ ਸੀ।

ਇਥੇ ਬੋਲਣ ਵਾਲੇ ਬੁਲਾਰਿਆਂ ਵਿੱਚ ਸ਼ਾਮਲ ਸਨ ਸਰ ਮਾਈਕਲ ਓ ਡਵਾਇਰ, ਲਾਰਡ ਜੈੱਟਲੈਂਡ (ਭਾਰਤ ਲਈ ਹਕੂਮਤ ਦਾ ਸੱਕਤਰ), ਸਰ ਲੂਈ ਡੇਨ (ਪੰਜਾਬ ਦੇ ਗਵਰਨਰ ਦਾ ਸਾਬਕਾ ਅਧੀਨ ਸੱਕਤਰ) ਅਤੇ ਲਾਰਡ ਲੀਮਿੰਗਟਨ (ਬੰਬਈ ਦਾ ਸਾਬਕਾ ਗਵਰਨਰ)

ਓ ਡਵਾਇਰ 13 ਅਪਰੈਲ 1919 ਨੂੰ ਅੰਮ੍ਰਿਤਸਰ ਦੇ ਜਲ੍ਹਿਆਂ ਵਾਲੇ ਬਾਗ ਵਿੱਚ ਹੋਏ ਬਾਦਨਾਮ ਕਤਲੇਆਮ ਵੇਲੇ ਪੰਜਾਬ ਦਾ ਲੈਫਟੀਨੈਂਟ ਗਵਰਨਰ ਸੀ।

ਇਸ ਉਪ ਮਹਾਂਦੀਪ ਉੱਤੇ ਬਰਤਾਨਵੀ ਹਕੂਮਤ ਦੇ ਇਤਿਹਾਸ ਵਿੱਚ ਇਸ ਕਾਲੇ ਦਿਨ ਦਾ ਸਿਖਰ ਇਹ ਸੀ ਬਰਗੇਡੀਅਰ ਜਨਰਲ ਓ ਡਾਇਰ ਨੇ ਵੀਹ ਹਜ਼ਾਰ ਲੋਕਾਂ ਦੇ ਇੱਕਠ ਉੱਤੇ ਗੋਲੀ ਚਲਾਉਣ ਦੇ ਹੁਕਮ ਦਿੱਤੇ ਸਨ। ਇਹ ਲੋਕ ਭਾਰਤ ਦੀ ਅਜ਼ਾਦੀ ਦੀ ਹਿਮਾਇਤ ਕਰਨ ਵਾਲੇ ਸਥਾਨਕ ਰਾਜਨੀਤਕ ਆਗੂਆਂ ਦੀ ਗਿਰੰਤਾਰੀ ਦੇ ਖਿਲਾਂ ਮੁਜ਼ਾਹਰਾ ਕਰਨ ਲਈ ਇੱਥੇ ਇੱਕਠੇ ਹੋਏ ਹਨ। ਏਥੇ ਖੇਡੀ ਗਈ ਖ਼ੂਨ ਦੀ ਹੋਲੀ ਵਿੱਚ 1500 ਨਿੱਹਥੇ ਮਰਦ, ਔਰਤਾਂ ਅਤੇ ਬੱਚੇ ਜ ਮੀ ਕਰ ਦਿੱਤੇ ਗਏ ਸਨ ਜਾਂ ਮਾਰ ਦਿੱਤੇ ਗਏ ਸਨ।

ਸ਼ਹੀਦ ਊਧਮ ਸਿੰਘ ਇਸ ਕਤਲੇਆਮ ਵੇਲੇ ਉੱਥੇ ਮੌਜ਼ੂਦ ਸਨ। ਉਨ੍ਹਾਂ ਦਾ ਭਰਾ ਇਸ ਗੋਲੀ ਕਾਂਡ ਵਿਚ ਸ਼ਹੀਦ ਹੋ ਗਿਆ ਸੀ। ਇਸ ਕਤਲੇਆਮ ਦਾ ਬਦਲਾ ਲੈਣ ਲਈ ਊਧਮ ਸਿੰਘ ਹੋਰੀਂ 1933 ਵਿੱਚ ਬਰਤਾਨੀਆ ਆਏ ਸਨ। 1940 ਤਕ ਉਹ ਮੋਰਨਿੰਗਟਨ ਕਰੀਸੈਂਟ ਵਿੱਚ ਰਹੇ ਸਨ। ਉਨ੍ਹਾਂ ਦੀ ਡਾਇਰੀ ਵਿੱਚ 13 ਮਾਰਚ 1940 ਨੂੰ ਕੈਕਸਟਨ ਹਾਲ ਵਿੱਚ ਹੋਣ ਵਾਲੀ ਮੀਟਿੰਗ ਦਾ ਜ਼ਿਕਰ ਹੈ।

ਜਦੋਂ ਸਾਢੇ ਚਾਰ ਵਜੇ ਸ਼ਾਮੀਂ ਇਹ ਮੀਟਿੰਗ ਖਤਮ ਹੋਈ ਤਾਂ ਊਧਮ ਸਿੰਘ ਨੇ ਸਮਿੱਥ ਐਂਡ ਵੈਸਨ ਰਿਵਾਲਵਰ (ਜਿਹੜਾ ਉਨ੍ਹਾਂ ਨੇ ਲੰਡਨ ਦੇ ਇਕ ਪੱਬ ਵਿੱਚੋਂ ਲਿਆ ਸੀ) ਕੱਢ ਲਿਆ ਅਤੇ ਛੇ ਗੋਲੀਆਂ ਦਾਗੀਆਂ।

ਤਸਵੀਰ : ਅੱਜ ਕੈਕਸਟਨ ਹਾਲ ਦੀ ਦਫਤਰਾਂ ਅਤੇ ਫਲੈਟਾਂ ਦੇ ਇੱਕ ਕੰਪਲੈਕਸ ਵਜੋਂ ਮੁਰੰਮਤ ਕੀਤੀ ਜਾ ਰਹੀ ਹੈ (C) ਚੌਵੀ ਘੰਟੇ ਮਿਊਜ਼ੀਅਮ।

ਦੋ ਗੋਲੀਆਂ ਸਰ ਮਾਈਕਲ ਓ ਡਵਾਇਰ ਨੂੰ ਵੱਜੀਆਂ ਉਹ ਥਾਂਏ ਹੀ ਮਰ ਗਿਆ। ਇੱਕ ਗੋਲੀ ਲਾਰਡ ਜੈੱਟਲੈਂਡ ਨੂੰ

ਲੱਗੀ। ਬਾਕੀ ਗੋਲੀਆਂ ਨੇ ਲਾਰਡ ਲੈਮਿੰਗਟਨ ਅਤੇ ਸਰ ਲੂਈਡਨੇ ਨੂੰ ਜ ਮੀ ਕਰ ਦਿੱਤਾ। ਜਦੋਂ ਕਿ ਆਖਰੀ ਗੋਲੀ ਕਿਧਰੇ ਪਾਸੇ ਨੂੰ ਲੰਘ ਗਈ।

ਜੂਨ 1940 ਵਿੱਚ ਪੁਰਾਣੇ ਬੈਲੇ ਦੀ ਕੇਂਦਰੀ ਫੌਜਦਾਰੀ ਅਦਾਲਤ ਨੇ ਊਧਮ ਸਿੰਘ ਨੂੰ ਮੌਤ ਦੀ ਸਜਾ ਸੁਣਾ ਦਿੱਤੀ। 13 ਜੁਲਾਈ ਨੂੰ ਊਨ੍ਹਾਂ ਨੂੰ ਪਰੋਂਟੋਨ ਵਿਲੇਅ ਦੀ ਜੇਲ੍ਹ ਵਿੱਚ ਫਾਂਸੀ ਦੇ ਦਿੱਤੀ ਗਈ। ਉਸ ਸਮੇਂ ਦੇ ਰਿਵਾਜ ਅਨੁਸਾਰ ਉਨ੍ਹਾਂ ਦੀ ਦੇਹ ਨੂੰ ਜੇਲ੍ਹ ਦੀ ਚਾਰ ਦਿਵਾਰੀ ਦੇ ਅੰਦਰ ਹੀ ਦਬਾ ਦਿੱਤਾ ਗਿਆ।

13 ਅਪਰੈਲ 1980 ਨੂੰ ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ ਭਾਰਤ ਲਿਆਂਦੀਆਂ ਗਈਆਂ। ਕਾਂਗਰਸ ਪਾਰਟੀ ਦੇ ਪ੍ਰਧਾਨ ਸ੍ਰੀ ਸ਼ੰਕਰ ਦਿਆਲ ਸ਼ਰਮਾ, ਸ੍ਰੀਮਤੀ ਇੰਦਰਾ ਗਾਂਧੀ ਅਤੇ ਗਿਆਨੀ ਜੈਲ ਸਿੰਘ ਨੇ ਉਨ੍ਹਾਂ ਲੱਖਾਂ ਭਾਰਤੀਆਂ ਨਾਲ ਮਿਲ ਕੇ ਇਨ੍ਹਾਂ ਅਸਥੀਆਂ ਨੂੰ ਪ੍ਰਾਪਤ ਕੀਤਾ ਜਿਹੜੇ ਸੜਕਾਂ ਦੇ ਦੋਂਹੀ ਪਾਸੀ ਇਸ ਸ਼ਹੀਦ ਨੂੰ ਸ਼ਰਧਾਂਜਲੀਆਂ ਦੇਣ ਲਈ ਕਤਾਰਾਂ ਬੰਨ੍ਹੀ ਖੜ੍ਹੇ ਸਨ।

ਊਧਮ ਸਿੰਘ ਵੱਲੋਂ ਵਰਤਿਆ ਗਿਆ ਰਿਵਾਲਵਰ, ਉਨ੍ਹਾਂ ਦੀ ਡਾਇਰੀ (ਜਿਸ ਵਿਚ ਮੋਟੀ ਕਾਲੀ ਪੈਨਸਿਲ ਨਾਲ ਕੈਕਸਟਨ ਹਾਲ ਵਿੱਚ ਹੋਣ ਵਾਲੀ ਮੀਟਿੰਗ ਦੀ ਤਰੀਖ ਲਿਖੀ ਹੋਈ ਹੈ) ਇੱਕ ਚਾਕੂ ਅਤੇ ਕਤਲ ਵੇਲੇ ਚਲਾਇਆ ਗਿਆ ਇੱਕ ਕਾਰਤੂਸ ਨਿਊ ਸਕਾਟਲੈਂਡ ਦੇ ਬਲੈਕ ਮਿਊਜ਼ੀਅਮ ਵਿੱਚ ਰੱਖੇ ਹੋਏ ਹਨ।

ਅੱਜ ਇਥੇ ਰਾਜਧਾਨੀ ਵਿੱਚ ਵੱਖ ਵੱਖ ਥਾਵਾਂ ਉੱਤੇ 15 ਗੁਰੁਦੁਆਰੇ ਹਨ। ਸਾਊਥਹਾਲ ਵਿੱਚ ਇੱਕ ਖੁਸ਼ਹਾਲ ਸਿੱਖ ਬਰਾਦਰੀ ਹੈ। ਇਹ ਉੱਥੇ ਕਾਇਮ ਪੰਜਾਬੀ ਕਾਰੋਬਾਰਾਂ, ਰੈਸਤੋਰਾਂ ਅਤੇ ਪਰਫੁੱਲਤ ਬਾਜ਼ਾਰ ਤੋਂ ਸਪੱਸ਼ਟ ਪਤਾ ਲਗ ਜਾਂਦਾ ਹੈ।

ਇਥੇ ਇਕ ਪੱਬ (ਗਲਾਸੀ ਜੰਕਸ਼ਨ) ਵੀ ਹੈ। ਜਿਥੇ ਰੁਪਈਆ ਚੱਲਦਾ ਹੈ। ਤੁਸੀਂ ਇਹ ਥਾਂ ਲੱਭ ਸਕਦੇ ਹੋ ਅਤੇ ਪੰਜਾਬੀ ਡਾਟ ਕਾਮ ਵੈਬਸਾਈਟ ਉੱਤੇ ਸਾਊਥ ਹਾਲ ਦੀ ਪੰਜਾਬੀ ਬਰਾਦਰੀ ਬਾਰੇ ਹੋਰ ਜਾਣਕਾਰੀ ਲੈ ਸਕਦੇ ਹੋ ਪਰ ਇਸ ਇਲਾਕੇ ਦੇ ਨਜ਼ਾਰੇ, ਧੁਨਾਂ ਅਤੇ ਮਹਿਕਾਂ ਲੱਭਣ ਦਾ ਸਭ ਤੋਂ ਵਧੀਆ ਤਰੀਕਾ ਪੈਰੀਂ ਟੁਰ ਕੇ ਲੱਭਣਾ ਹੀ ਹੈ .........6ਬਸ ਏਨਾ ਪੱਕਾ ਕਰ ਲਉ ਕਿ ਜਦੋਂ ਤੁਸੀਂ ਮੁਕਾ ਲਉ ਤਾਂ ਤੁਹਾਡੇ ਕੋਲ ਅਧੀਏ ਵਾਸਤੇ ਕੁਝ ਰੁਪਈਏ ਜਾਂ ਪੌਂਡ ਜ਼ਰੂਰ ਹੋਣ।

ਇਹ ਟਰੇਲਜ਼ ਦੀ ਲੜੀ ਵਿੱਚ ਪਹਿਲੀ ਚੀਜ਼ ਹੈ ਜਿਹੜੀ ਐਂਗਲੋ ਸਿੱਖ ਹੈਰੀਟੇਜ਼ ਟਰੇਲ ਨਾਲ ਮਿਲ ਕੇ ਤਿਆਰ ਕੀਤੀ ਹੈ। ਇਹ ਤੁਹਾਨੂੰ ਉਚਿਤ ਸਮੇਂ ਵਿੱਚ ਪੰਜਾਬੀ ਦਾ ਅਨੁਵਾਦ ਪਰਦਾਨ ਕਰੇਗੀ ਜਿਹੜਾ PDF ਵਲੋਂ ਸੁਲੱਭ ਹੋਵੇਗਾ।